Weekly

# CANADA SIKH TIMES

26 November- 2 December, 2023

ਕੈਨੇਡਾ ਸਿੱਖ ਟਾਈਮਜ਼

Volume 1 Issue 26

• RELIGION • CULTURE • HERITAGE • BUSINESS

## India Resumes E-Visa Services for Canadians



India has restarted e-visa services for Canadians following a nearly two-month hiatus. This resumption includes visas across various categories, such as tourist, business, conference, medical, medical attendant, and emergency, among others, for Canadian passport holders.

Canada is the fourth biggest source of foreign arrivals in India. In 2021, it accounted for 5.3 per cent (80,437) of Foreign Tourist Arrivals. Of these, 72.6 per cent were people of Indian origin, 2.5 per cent were tourists, 1.1 per cent were travelling on business work, 0.3 per cent for medical reasons, 0.1 per cent were students, and 23.4 per cent for other reasons. Opening of visas for Canada, which is one of the largest source markets, would be a booster shot for in-bound tourism. Hopefully, by January, the tourist flow from Canada will begin.

## ਗੁਰੂ ਨਾਨਕ ਸਾਹਿਬ ਜੀ ਦੇ ਗੁਰਪੁਰਬ ਦੀਆਂ ਲੱਖ-ਲੱਖ ਵਧਾਈਆਂ

### ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣੁ ਹੋਆ

ਭਾਈ ਗੁਰਦਾਸ ਜੀ ਲਿਖਦੇ ਹਨ, ਕਿ ਗੁਰੂ ਨਾਨਕ ਪਾਤਸ਼ਾਹ ਜੀ ਵੱਲੋਂ "ਸ਼ਬਦ ਗੁਰੂ" ਦਾ ਪ੍ਰਚਾਰ ਕਰਨ ਤੋਂ ਪਹਿਲਾਂ ਧਾਰਮਿਕ ਪੁਜਾਰੀ ਅਤੇ ਧਰਮ ਦੇ ਬਣੇ ਹੋਰ ਠੇਕੇਦਾਰ ਜਨਤਾ ਨੂੰ ਧਰਮ ਦੇ ਨਾਂ ਹੇਠ ਲੁੱਟ ਰਹੇ ਸਨ। ਜਨਤਾ ਨੂੰ ਬ੍ਰਹਮ ਗਿਆਨ ਦੀ ਸੋਝੀ ਦੇ ਕੇ ਗਿਆਨਵਾਨ ਬਣਾਉਣ ਦੀ ਬਜਾਏ ਸਗੋਂ ਅਗਿਆਨੀ ਬਣਾਕੇ ਅੰਧਵਿਸ਼ਵਾਸਾਂ, ਕਰਮਕਾਂਡਾਂ ਅਤੇ ਵਹਿਮਾਂ ਭਰਮਾਂ ਦੀ ਦਲਦਲ ਵਿੱਚ ਧੱਸਿਆ ਜਾ ਰਿਹਾ ਸੀ। ਇਸੇ ਕਰਕੇ ਹੀ ਭਾਈ ਗੁਰਦਾਸ ਜੀ ਨੇ ਉਸ ਸਮੇਂ ਦੇ ਲੋਕਾਂ ਦੀ ਮਾਨਸਿਕ ਹਾਲਤ ਦੱਸਦੇ ਹੋਏ 'ਧੁੰਧ' ਦਾ ਪ੍ਰਤੀਕ ਦਿੱਤਾ ਹੈ। ਜਿਵੇਂ ਆਪਾਂ ਸਾਰੇ ਜਾਣਦੇ ਹੀ ਹਾਂ, ਕਿ ਹਨੇਰਾ ਤਾਂ ਥੋੜ੍ਹੀ ਜਿਹੀ ਰੋਸ਼ਨੀ ਨਾਲ ਹੀ ਖਤਮ ਹੋ ਜਾਂਦਾ ਹੈ, ਪਰ 'ਧੁੰਧ' ਕਈ ਵਾਰ ਸੂਰਜ ਦੀ ਵੀ ਪੇਸ਼ ਨਹੀਂ ਜਾਣ ਦੇਂਦੀ। ਸੋ, ਭਾਈ ਗੁਰਦਾਸ ਜੀ ਆਖਦੇ ਹਨ, ਕਿ ਗੁਰੂ ਨਾਨਕ ਪਾਤਸ਼ਾਹ ਜੀ ਦੇ (ਸ਼ਬਦ) ਬ੍ਰਹਮ ਗਿਆਨ ਰੂਪੀ ਚਾਨਣ ਅੱਗੇ ਕੋਈ ਵੀ ਅੰਧਵਿਸ਼ਵਾਸ ਜਾਂ ਕਰਮਕਾਂਡ ਟਿੱਕ ਨਾ ਸਕਿਆ। ਗੁਰੂ ਜੀ ਨੇ ਜਿਥੇ ਲੋਕਾਈ ਨੂੰ ਧਰਮ ਦੀ ਸੋਝੀ ਦਿੱਤੀ ਉਸਦੇ ਨਾਲ ਧਰਮ ਦੇ ਨਾਂ ਹੇਠ ਪਾਖੰਡ ਕਰਨ ਵਾਲਿਆਂ ਨੂੰ ਵੀ ਨਗਨ ਕੀਤਾ। ਇਸ ਦੇ ਨਾਲ ਹੀ ਉਹਨਾਂ ਨੇ ਹਿੰਦੂ ਅਤੇ ਇਸਲਾਮ ਧਰਮ ਨਾਲੋਂ ਵੱਖਰਾ ਨਿਰਮਲ ਸਿੱਖ ਪੰਥ ਚਲਾਇਆ। ਇਸ ਗੱਲ ਦੀ ਗਵਾਹੀ ਵੀ ਭਾਈ ਗੁਰਦਾਸ ਜੀ ਦੇਂਦੇ ਹਨ: 'ਮਾਰਿਆ ਸਿਕਾ ਜਗਤ੍ਰਿ ਵਿਚਿ ਨਾਨਕ ਨਿਰਮਲ ਪੰਥ ਚਲਾਇਆ।' (ਵਾਰ 1, ਪਉੜੀ 46) ਆਓ ਅੱਜ ਸਾਰੇ ਗੁਰੂ ਨਾਨਕ ਸਾਹਿਬ ਦੇ ਜਨਮ ਦਿਹਾੜੇ 'ਤੇ ਸ਼ਬਦ ਗੁਰੂ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੁੜੀਏ ਅਤੇ ਮਾਨਸਿਕ 'ਧੁੰਧ' ਨੂੰ ਦੂਰ ਕਰੀਏ।

## ਨਿੱਕੀਆਂ ਜਿੰਦਾਂ ਵੱਡੇ ਸਾਕੇ




ਸਿੱਖ ਇਤਿਹਾਸ ਅਥਾਹ ਕੁਰਬਾਨੀਆਂ ਨਾਲ ਭਰਿਆ ਹੋਇਆ ਹੈ। ਗੁਰੂਆਂ ਤੇ ਉਹਨਾਂ ਦੇ ਸਿੱਖਾਂ ਨੇ ਮਨੁੱਖਤਾ ਲਈ ਪੈਰ-ਪੈਰ ਤੇ ਸ਼ਹਾਦਤਾਂ ਦਿੱਤੀਆਂ ਹਨ। ਸ਼ਹਾਦਤਾਂ ਦੇ ਇਤਿਹਾਸ 'ਚ 20 ਤੋਂ 26 ਦਸੰਬਰ (੬ ਤੋਂ ੧੩ ਪੋਹ) ਉਹ ਦਿਨ ਹਨ ਜਦੋਂ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦੇ, ਮਾਤਾ ਗੁਜਰੀ ਜੀ, ਤਿੰਨ ਪਿਆਰੇ ਤੇ ਹੋਰ ਅਨੇਕਾਂ ਸਿੰਘਾਂ ਦੀਆਂ ਸ਼ਹਾਦਤਾਂ ਹੋਈਆਂ। ਸਿੱਖ ਭਾਈਚਾਰੇ 'ਚ ਇਹ ਦਿਨ 'ਸ਼ਹੀਦੀ ਹਫਤੇ' ਵਜੋਂ ਜਾਣੇ ਜਾਂਦੇ ਹਨ। ਇਹ ਸ਼ਹੀਦੀ ਹਫਤਾ ਕੁਲ ਲੋਕਾਈ ਨੂੰ ਹਲੂਣਾ ਦਿੰਦਾ ਹੈ ਕਿ ਸਾਨੂੰ ਗੁਰੂ ਦੇ ਇੰਨੇ ਦ੍ਰਿੜ੍ਹ ਤੇ ਸਿਦਕੀ ਸਿੰਘਾਂ ਤੋਂ ਅਜੋਕੇ ਸਮੇਂ 'ਚ ਸੇਧ ਲੈਣ ਦੀ ਲੋੜ ਹੈ ਅਤੇ ਗੁਰੂ ਤੇ ਭਰੋਸਾ ਕਰਦਿਆਂ ਅਕਾਲ ਪੁਰਖ ਅੱਗੇ ਸਿਰ ਨਿਵਾ ਕੇ ਮਨ ਨੂੰ ਉਸ ਵਿੱਚ ਜੋੜੀਏ, ਤਾਂ ਜੋ ਕਣ-ਕਣ 'ਚ ਅਕਾਲ ਪੁਰਖ ਹਾਜ਼ਰ ਨਜ਼ਰ ਆਉਣ— ਸਿਦਕੁ ਕਰਿ ਸਿਜਦਾ ਮਨੁ ਕਰਿ ਮਖਸੂਦੁ॥ ਜਿਹ ਧਿਰਿ ਦੇਖਾ ਤਿਹ ਧਿਰਿ ਮਉਜੂਦੁ॥ ਪਰ ਅਜੋਕਾ ਸਮਾਂ ਵਿਚਾਰ, ਤਰਕ ਤੇ ਵਿਵੇਕ ਰਾਹੀਂ ਨਿਰਦੇਸ਼ਿਤ ਹੈ। ਇਸ ਵਿਚ ਗੁਰਬਾਣੀ ਦੀ ਗਿਆਨ ਖੜਗ ਰਾਹੀਂ ਸਾਨੂੰ ਦ੍ਰਿੜ੍ਹਤਾ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਇਤਿਹਾਸ ਤੋਂ ਪ੍ਰੇਰਨਾ ਲੈ ਕੇ ਮਨੁੱਖੀ ਵਿਕਾਸ ਦੇ ਅਸੂਲਾਂ ਨੂੰ ਸਰਬ ਮਨੁੱਖਤਾ ਤਕ ਪਹੁੰਚਾਉਣਾ ਹੈ। ਇਹੋ ਸਾਡੀ ਸ਼ਹੀਦ ਹੋਏ ਸਾਹਿਬਜ਼ਾਦਿਆਂ ਤੇ ਸਿੰਘਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ। – ਪੁਸਤਕ ਆਗਾਹਾ ਕੂ ਤ੍ਰਾਘਿ 'ਚੋਂ



# ਇਤਿਹਾਸ ਸਿੰਘ ਸਭਾ ਲਹਿਰ ਅਤੇ ਗਿਆਨੀ ਦਿੱਤ ਸਿੰਘ ਜੀ

- ਮਮਤਾ ਕੌਰ, ਹਾਜ਼ੀਬਰਗ

ਇੰਗਲੈਂਡ ਦੀਆਂ ਅਖ਼ਬਾਰਾਂ ਵਿਚ 19 ਵੀਂ ਸਦੀ ਦੇ ਦੂਜੇ ਅੱਧ ਵਿਚ ਇਹ ਛੱਪ ਗਿਆ ਕਿ ਸਿੱਖ ਕੌਮ ਖਤਮ ਹੋ ਰਹੀ ਹੈ, ਅਤੇ ਆਉਂਦੇ 25 ਸਾਲਾਂ ਤਕ ਜਦ ਕਿਸੇ ਨੇ ਸਿੱਖ ਦੇ ਦਰਸ਼ਨ ਕਰਨ ਹੋਣਗੇ ਤਾਂ ਉਸ ਨੂੰ ਅਜਾਇਬ ਘਰ ਵਿਚ ਕੇਵਲ ਫੋਟੋ ਹੀ ਮਿਲਣਗੀਆਂ। ਇੰਝ ਉਹ ਲਿਖਦੇ ਵੀ ਕਿਉਂ ਨਾ, ਜਦੋਂ ਮਹਾਰਾਜਾ ਰਣਜੀਤ ਸਿੰਘ ਵੇਲੇ ਸਿਖਾਂ ਦੀ ਗਿਣਤੀ ਇਕ ਕਰੋੜ ਤੋਂ ਵੱਧ ਸੀ , ਪਰ 1881 ਦੀ ਮਰਦੱਮ ਸ਼ੁਮਾਰੀ ਮੁਤਾਬਿਕ ਲਗਪਗ 18 ਲਖ 53 ਹਜ਼ਾਰ 429 ਰਹਿ ਗਈ ਸੀ। ਸੋ ਐਸਾ ਖਿਆਲ ਸੁਭਾਵਕ ਸੀ। ਪਰ ਉਹਨਾਂ ਨੂੰ ਕੀ ਪਤਾ ਸੀ ਕਿ ਜਿਸ ਕੋਮ ਦੇ ਬਾਰੇ ਉਹ 1881 ਵਿਚ ਲਿਖ ਰਹੇ ਹਨ, ਉਹ ਕੇਵਲ 38 ਸਾਲਾਂ ਬਾਅਦ ਉਹਨਾਂ ਨਾਲ ਟੱਕਰ ਲਵੇਗੀ ਤੇ ਉਹਨਾਂ ਨੂੰ ਈਨ ਮਨਵਾ ਕੇ ਸ਼ਾਹ ਲਵੇਗੀ ਪਰ ਇਹ ਹੋਇਆ ਕਿਸ ਤਰ੍ਹਾਂ? ਇਸ ਮਹਾਨ ਸਾਕੇ ਦਾ ਹੀਰੋ ਕੌਣ ਸੀ?

ਉਤਰ ਮਿਲਦਾ ਹੈ: ਗਿਆਨੀ ਦਿੱਤ ਸਿੰਘ ਜੀ ਹਨ।

ਪਰ ਸਾਡੀ ਕੌਮ ਵੀ ਨਿਰਾਲੀ ਹੈ। ਜਿੰਨ੍ਹੀ ਸਪੱਸ਼ਟ ਗੁਰਮਤਿ- ਇਕ ਅਕਾਲ ਪੁਰਖ ਦੀ ਦਾਤ, ਵਿਚਾਰਧਾਰਾ ਅਤੇ ਨਿਆਰਾਪਨ ਗੁਰੂ ਸਾਹਿਬਾਨ ਨੇ ਇਸ ਨੂੰ ਦਿਤਾ ਹੈ, ਉਨ੍ਹੀ ਹੀ ਇਹ ਭਰਮਾਂ, ਵਹਿਮਾਂ ਵਿਚ ਫਸ ਕੇ ਆਪਣੀ ਹੋਂਦ ਲਈ ਖਤਰਾ ਪੈਦਾ ਕਰ ਰਹੀ ਹੈ। ਅੱਜ ਦੀ ਤਾਂ ਗੱਲ ਛੱਡੋ ਅਜ ਤੋਂ 150 ਸਾਲ ਪਹਿਲਾਂ ਵੀ ਇਸੇ ਬਿਮਾਰੀ ਵਿਚ ਫਸੀ ਪਈ ਸੀ ।

ਅਕਾਲ ਪੁਰਖ ਬੇਅੰਤ ਹੈ। ਜਦੋਂ ਕੌਮ ਤੇ ਭੀੜ ਆਉਂਦੀ ਹੈ, ਤਾਂ ਉਹ ਖਾਲਸੇ ਨੂੰ ਭੀੜਾਂ ਰੂਪੀ ਅਗਨੀ ਵਿਚੋਂ ਸਵਰਨ (ਸੋਨਾ) ਬਣਾਕੇ ਕਢਦਾ ਹੈ ਜਿਸ ਸਮੇਂ ਕੌਮ ਦਾ ਵੱਡਾ ਹਿੱਸਾ ਸਨਾਤਨੀ ਬਣ ਚੁੱਕਾ ਸੀ, ਗੁਰਮਤਿ ਤੋਂ ਅਨਜਾਣ ਹੋ ਕੇ ਠੇਡੇ ਖਾ ਰਿਹਾ ਸੀ ਅਤੇ ਸਾਹਸਹੀਣ ਹੋਇਆ ਪਿਆ ਸੀ।ਉਸ ਸਮੇਂ ਇਸਨੂੰ ਅੰਗਰੇਜ਼ਾਂ ਦੀ ਗੁਲਾਮੀ, ਬਹੁ ਗਿਣਤੀ ਦੇ ਪ੍ਰਭਾਵ, ਅਤੇ ਗੁਰੂ ਡੰਮ ਨੇ ਆ ਘੇਰਿਆ ਸੀ।ਕੌਮ ਫੁਟ ਦਾ ਸ਼ਿਕਾਰ ਵੀ ਹੋਈ ਸੀ। ਐਸੇ ਬਿਪਤਾ ਭਰੇ ਵਿਚ ਜਦੋਂ ਕੌਮ ਡਾਵਾਂ ਡੋਲ ਹੋਈ ਪਈ ਸੀ, ਗਿਆਨੀ ਦਿੱਤ ਸਿੰਘ ਜੀ ਹਰ ਮੁਹਾਜ਼ ਉਤੇ ਡਟ ਗਏ। ਕੀ ਸਨਾਤਨੀ, ਕੀ ਆਰੀਆਂ ਸਮਾਜੀ, ਕੀ ਗੁਰੂ ਅੰਸ਼ ਦੇ ਹੰਕਾਰੇ ਗੁਰੂ ਡੰਮ ਵਿਚ ਫਸੇ ਅਖੌਤੀ ਧਾਰਮਕ ਆਗੂ, ਕੀ ਤਖ਼ਤਾਂ ਦੇ ਮਹੰਤ, ਕੀ ਗੁਰਦੁਆਰਿਆਂ ਦੇ ਪੁਜਾਰੀ, ਸਭ ਨਾਲ ਟੱਕਰ ਲੈ ਕੇ ਗਿਆਨੀ ਜੀ ਨੇ ਕੌਮ ਨੂੰ ਆਪਣੇ ਪੈਰਾਂ ਉੱਤੇ ਖੜ੍ਹਾ ਕਰ ਦਿਤਾ।

ਇਹਨਾਂ ਦਾ ਜਨਮ 21 ਅਪ੍ਰੈਲ 1850 ਨੂੰ ਪਿੰਡ ਨੰਦਪੁਰ ਕਲੌੜ, ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਵਿਖੇ ਪਿਤਾ ਬਾਬਾ ਦੀਵਾਨ ਸਿੰਘ ਅਤੇ ਮਾਤਾ ਰਾਮ ਕੌਰ ਦੇ ਘਰ ਹੋਇਆ । ਜਿਸਦਾ ਨਾਂਅ ਦਿੱਤਾ ਰਾਮ ਰੱਖਿਆ ਗਿਆ। ਨਿਕੀ ਉਮਰੇ ਦਿਤਾ ਰਾਮ ਨੇ ਗੁਲਾਬਦਾਸੀ ਮਹਾਤਮਾ ਸੰਤ ਗੁਰਬਖ਼ਸ਼ ਦੇ ਡੇਰੇ ਤੋਂ ਸ੍ਵੈ ਅਧਿਐਨ ਸਦਕਾ ਵੱਧ ਤੋਂ ਵੱਧ ਗਿਆਨ ਹਾਸਲ ਕੀਤਾ।ਇਹੀ ਬਾਲਕ ਵੱਡਾ ਹੋ ਕੇ ਗਿਆਨੀ ਦਿੱਤ ਸਿੰਘ ਦੇ ਨਾਮ ਨਾਲ ਪੂਰੀ ਦੁਨੀਆ ਵਿੱਚ ਮਸ਼ਹੂਰ ਹੋਇਆ। ਪਿੰਡ ਵਿੱਚ ਹੁਣ ਗੁਰਦੁਆਰਾ ਤਪੋ ਸਰ ਸਾਹਿਬ ਤੇ ਜਨਮ ਅਸਥਾਨ ਗਿਆਨੀ ਦਿੱਤ ਸਿੰਘ ਕਲੌੜ ਬਣਿਆ ਹੋਇਆ ਹੈ। ਇਹਨਾਂ ਦਾ ਵਿਆਹ 1872 ਵਿੱਚ ਸਿੱਖ ਪਰੰਪਰਾ ਅਨੁਸਾਰ ਸੰਤ ਭਾਗ ਸਿੰਘ ਦੀ ਸਪੁੱਤਰੀ ਬਿਸ਼ਨ ਕੌਰ ਨਾਲ ਹੋਇਆ।ਪਤਨੀ ਸਮੇਤ ਪਿੰਡ ਚੱਠਾ ਜ਼ਿਲ੍ਹਾ ਲਹੌਰ ਰਹਿੰਦਿਆਂ ਸੰਤ ਦੇਸਾ ਸਿੰਘ ਪਾਸੋਂ ਵਿਦਿਆ ਪਰਾਪਤ ਕੀਤੀ। ਲਹੌਰ ਦੇ ਪਰੋਫੈਸਰ ਗੁਰਮੁਖ ਸਿੰਘ ਦੀ ਪ੍ਰੇਰਨਾ ਨਾਲ ਅੰਮ੍ਰਿਤ ਛਕ ਕੇ ਸਿੰਘ ਸਜੇ ਤੇ ਇੱਕ ਸਾਲ ਵਿੱਚ ਪੰਜਾਬ ਯੂਨੀਵਰਸਿਟੀ ਲਹੌਰ ਤੋਂ ਗਿਆਨੀ ਦਾ ਇਮਤਹਾਨ ਪਾਸ ਕੀਤਾ। ਇਹਨਾਂ ਦੇ ਘਰ ਇੱਕ ਪੁੱਤਰ ਬਲਦੇਵ ਸਿੰਘ ਅਤੇ ਇੱਕ ਧੀ ਬੀਬਾ ਵਿਦਿਆਵੰਤੀ ਕੌਰ ਨੇ ਜਨਮ ਲਿਆ। ਗਿਆਨੀ ਦਿੱਤ ਸਿੰਘ ਜੀ ਦੁਨੀਆ ਦੇ ਪੰਜਾਬੀ ਦੇ ਪਹਿਲੇ ਪ੍ਰੋਫੈਸਰ ਬਣੇ। ਸ਼ੁਰੂਆਤੀ ਦੌਰ ਵਿੱਚ ਉਨ੍ਹਾਂ ਆਰੀਆ ਸਮਾਜ ਲਹਿਰ ਨਾਲ ਮਿਲ ਕੇ ਕੰਮ ਕੀਤਾ। 25 ਨਵੰਬਰ 1888 ਦੇ ਲਹੌਰ ਆਰੀਆ ਸਮਾਜ ਦੇ 11ਵੇਂ ਇਜਲਾਸ ਦੌਰਾਨ ਹੋਏ ਸਿੱਖਾਂ ਦੇ ਗੁਰੂਆਂ ਦੇ ਨਿਰਾਦਰ ਕਾਰਨ ਵਖਰੇਵਾਂ ਸ਼ੁਰੂ ਹੋਇਆ। ਸਿੰਘ ਸਭਾ ਲਾਹੌਰ ਅਤੇ ਖ਼ਾਲਸਾ ਕਾਲਜ ਅੰਮ੍ਰਿਤਸਰ ਦਾ ਮੋਢੀ ਬਣਨ ਦੇ ਨਾਲ-ਨਾਲ ਉਹਨਾਂ ਆਪਣੀ ਵਿਦਵਤਾ ਦੇ ਬਲਬੂਤੇ ਆਰੀਆ ਸਮਾਜ ਦੇ ਮੁਖੀ ਸਵਾਮੀ ਦਯਾਨੰਦ ਨੂੰ ਲਗਾਤਾਰ ਤਿੰਨ ਧਾਰਮਿਕ ਬਹਿਸਾਂ ਵਿੱਚ ਮਾਤ ਦਿੱਤੀ ਸੀ। ਸਿੱਖੀ ਦੀ ਡਿੱਗ ਰਹੀ ਸਾਖ ਨੂੰ ਮੁੜ ਉੱਚਾ ਚੁੱਕਣ ਦਾ ਯਤਨ ਕਰਨ ਦੇ ਨਾਲ ਹੀ ਗਿਆਨੀ ਦਿੱਤ ਸਿੰਘ ਨੇ ਸਮਾਜ ਵਿੱਚ ਫੈਲੀਆਂ ਅਨੇਕਾਂ ਬੁਰਾਈਆਂ ਨੂੰ ਜੜ੍ਹੋਂ ਖ਼ਤਮ ਕਰਨ ਲਈ ਸਿਰਤੋੜ ਯਤਨ ਕੀਤੇ।

**ਅੰਧ-ਵਿਸ਼ਵਾਸਾਂ ਦਾ ਵਿਰੋਧ:** ਇਹਨਾਂ ਨੇ ਆਪਣੇ ਹਫ਼ਤਾਵਾਰੀ ਖ਼ਾਲਸਾ ਅਖ਼ਬਾਰ ਲਾਹੌਰ, ਲਿਖਤਾਂ ਅਤੇ ਭਾਸ਼ਣਾਂ ਰਾਹੀਂ ਵਹਿਮਾਂ-ਭਰਮਾਂ, ਫੋਕੇ ਕਰਮਕਾਂਡਾਂ, ਟੂਣੇ-ਟਾਮਣਾਂ, ਮੜ੍ਹੀ-ਮਸਾਣਾਂ, ਨੜੀਮਾਰਾਂ, ਕੁੜੀਮਾਰਾਂ, ਝਾੜ-ਫੂਕ, ਪਖੰਡ ਅਤੇ ਅੰਧ-ਵਿਸ਼ਵਾਸਾਂ ਦਾ ਜ਼ੋਰਦਾਰ ਵਿਰੋਧ ਕੀਤਾ ਤੇ ਲੋਕਾਂ ਨੂੰ "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ" 'ਤੇ ਪੂਰਨ ਭਰੋਸਾ ਰੱਖਣ ਲਈ ਪ੍ਰੇਰਿਤ ਕੀਤਾ।

1873 ਦੇ ਅੰਤ ਵਿਚ ਇਸਾਈਅਤ ਦੇ ਹੜ੍ਹ ਅੰਦਰ ਮਿਸ਼ਨ ਸਕੂਲ ਅੰਮ੍ਰਿਤਸਰ ਦੇ ਚਾਰ ਲੜਕੇ ਇਸਾਈ ਬਨਣ ਹੀ ਲਗੇ ਸਨ ਕਿ ਸਿੱਖ ਸੰਗਤਾਂ ਨੂੰ ਪਤਾ ਲਗ ਗਿਆ।ਇਸ ਦਾ ਸਿੱਖਾਂ ਨੇ ਬਹੁਤ ਬੁਰਾ ਮਨਾਇਆ ਤੇ ਬੜੀਆਂ ਕੋਸ਼ਿਸਾਂ ਮਗਰੋਂ ਉਨ੍ਹਾਂ ਲੜਕਿਆਂ ਨੂੰ ਪਤਿਤ ਹੋਣੋ ਬਚਾ ਲਿਆ ਗਿਆ। ਪਰ ਇਸ ਗੱਲ ਨੇ ਸਿੱਖਾਂ ਨੂੰ ਟੁੰਬ ਦਿਤਾ ਤੇ ਉਹਨਾਂ ਨੇ ਮਹਿਸੂਸ ਕੀਤਾ ਕਿ ਦੇ ਇਸ ਲਹਿਰ ਦਾ ਮੁਕਾਬਲਾ ਕਰਨ ਲਈ ਕੋਈ ਚਾਰਾ ਨ ਕੀਤਾ ਗਿਆ ਤਾਂ ਇਸ ਦੇ ਭਿਆਨਕ ਸਿੱਟੇ ਨਿਕਲਣਗੇ।ਸੋ ਸਿਖ ਮੁਖੀਆਂ ਵਲੋਂ ਇਸ ਬੀਮਾਰੀ ਦੀ ਰੋਕਥਾਮ ਲਈ 1874 ਵਿਚ ਹੀ, ਅੰਮ੍ਰਿਤਸਰ ਵਿਚ, ਸ੍ਰੀ ਗੁਰੂ ਸਿੰਘ ਸਭਾ ਕਾਇਮ ਕਰ ਲਈ। 1879 ਵਿਚ ਲਾਹੌਰ ਵਿਚ ਸਿੰਘ ਸਭਾ ਕਾਇਮ ਹੋ ਗਈ।ਇਸ ਕਾਮ ਦੇ ਮੋਢੀ ਪ੍ਰੋਫੇਸਰ ਗੁਰਮੁਖ ਸਿੰਘ ਜੀ ਤੇ ਗਿਆਨੀ ਦਿੱਤ ਸਿੰਘ ਜੀ ਸਨ।

1883 ਵਿਚ ਖਾਲਸਾ ਦੀਵਾਨ ਅੰਮ੍ਰਿਤਸਰ ਦੀ ਸਥਾਪਨਾ ਦੇ 37 ਸਿੰਘ ਸਭਾਵਾਂ ਜੋੜ ਕੇ ਭਾਈ ਜਵਾਹਰ ਸਿੰਘ ਨਾਲ ਮਿਲ ਕੇ ਖਾਲਸਾ ਦੀਵਾਨ ਅੰਮ੍ਰਿਤਸਰ ਦੀ ਸਥਾਪਨਾ ਕੀਤੀ।

**ਜਾਤ ਪਾਤ ਦਾ ਵਿਰੋਧ:** ਇਹਨਾਂ ਦਾ ਵਿਚਾਰ ਸੀ ਕਿ ਜਿਸ ਸਮਾਜ ਵਿੱਚ ਰੰਗ, ਨਸਲ, ਜਾਤ-ਪਾਤ, ਪਖੰਡਵਾਦ, ਵਹਿਮ-ਭਰਮ ਅਤੇ ਅੰਧ-ਵਿਸ਼ਵਾਸ ਹੋਣ, ਉਹ ਕਦੇ ਤਰੱਕੀ ਨਹੀਂ ਕਰ ਸਕਦਾ। ਗਿਆਨੀ ਦਿੱਤ ਸਿੰਘ ਜੀ ਨੇ ਸਮਾਜ ਵਿੱਚ ਫੈਲੇ ਅਜਿਹੇ ਅਡੰਬਰਾਂ ਨੂੰ ਬੜੀ ਗੰਭੀਰਤਾ ਨਾਲ ਲਿਆ ਅਤੇ ਕਈ ਸਮਕਾਲੀ ਜਥੇਬੰਦੀਆਂ ਨਾਲ ਟੱਕਰ ਲਈ।

**ਦਰਬਾਰ ਸਹਿਬ ਵਿੱਚ ਮੂਰਤੀਆਂ ਹਟਵਾਉਣਾ**

ਇੱਥੋਂ ਤੱਕ ਕਿ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਗੱਦੀ ਲਾ ਕੇ ਬੈਠਦੇ ਬਾਬਾ ਖੇਮ ਸਿੰਘ ਬੇਦੀ ਦੀ ਗੱਦੀ ਖਿੱਚ ਕੇ ਸੜਕ 'ਤੇ ਸੁੱਟ ਦਿੱਤੀ ਸੀ। ਇਹਨਾਂ ਨੇ ਦਰਬਾਰ ਸਾਹਿਬ ਦੀ ਦਰਸ਼ਨੀ ਦਿਉੜੀ ਵਿੱਚ ਸਥਾਪਿਤ ਮੂਰਤੀਆਂ ਹਟਾਉਣ ਦੀ ਪਹਿਲਕਦਮੀ ਪ੍ਰੋ. ਗੁਰਮੁਖ ਸਿੰਘ ਨਾਲ ਮਿਲ ਕੇ ਕੀਤੀ ਸੀ।

(ਬਾਕੀ ਫੇਰ)

# HERITAGE

## ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ 554ਵੇਂ ਪ੍ਰਕਾਸ਼-ਪੁਰਬ ਨੂੰ ਸਮਰਪਿਤ ਕਵੀ-ਦਰਬਾਰ



ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦਾ ਮਹੀਨਾਵਾਰ ਸਮਾਗਮ ਇਸ ਵਾਰ ਲੰਘੇ ਸ਼ਨੀਵਾਰ 18 ਨਵੰਬਰ ਨੂੰ ਕੈਨੇਡੀਅਨ ਪੰਜਾਬੀ ਕੌਂਸਲ ਬਰਲਿੰਗਟਨ ਦੇ ਸਹਿਯੋਗ ਨਾਲ ਓਕਵਿਲ ਸ਼ਹਿਰ ਵਿਖੇ ਕਵੀ-ਦਰਬਾਰ ਦੇ ਰੂਪ ਵਿਚ ਕਰਵਾਇਆ ਗਿਆ ਅਤੇ ਇਹ ਕਵੀ-ਦਰਬਾਰ ਬ੍ਰਹਿਮੰਡੀ-ਸ਼ਾਇਰ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ 554ਵੇਂ ਪ੍ਰਕਾਸ਼-ਪੁਰਬ ਨੂੰ ਸਮਰਪਿਤ ਕੀਤਾ ਗਿਆ। ਕਵੀ-ਦਰਬਾਰ ਵਿਚ ਕਵੀਆਂ ਵੱਲੋਂ ਗੁਰੂ ਨਾਨਕ ਸਾਹਿਬ ਦੇ ਜੀਵਨ ਤੇ ਫਲਸਫੇ ਅਤੇ ਹੋਰ ਕਈ ਵਿਸ਼ਿਆਂ ਨਾਲ ਸਬੰਧਿਤ ਕਾਵਿ-ਰਚਨਾਵਾਂ ਪੇਸ਼ ਕੀਤੀਆਂ ਗਈਆਂ। ਇਸ ਮੌਕੇ ਦੇਸ਼ਾਂ ਵਿਦੇਸ਼ਾਂ ਤੋਂ ਕਈ ਪ੍ਰਮੁੱਖ ਕਵੀਆਂ, ਸ਼ਾਇਰਾਂ ਤੇ ਗਜ਼ਲਕਾਰਾਂ ਨੇ ਆਪਣੀਆਂ ਰਚਨਾਵਾਂ ਪੜ੍ਹੀਆਂ। ਉਪਕਾਰ ਸਿੰਘ ਵੱਲੋਂ ਸੁਰਜੀਤ ਪਾਤਰ ਦੀ ਸ੍ਰੀ ਗੁਰੂ ਨਾਨਕ ਸਾਹਿਬ ਬਾਰੇ ਮਸ਼ਹੂਰ ਕਵਿਤਾ 'ਸਬਜ਼ ਮੰਦਰ' ਗਾ ਕੇ ਪੇਸ਼ ਕੀਤੀ ਗਈ। ਓਕਵਿਲ ਵਿਚ ਕੈਨੇਡੀਅਨ ਪੰਜਾਬੀ ਕੌਂਸਲ ਬਰਲਿੰਗਟਨ ਦੇ ਸਹਿਯੋਗ ਨਾਲ ਹੋਏ ਇਸ ਸਮਾਗਮ ਵਿਚ 174 ਕਵੀਆਂ ਤੇ ਸਰੋਤਿਆਂ ਨੇ ਕੀਤੀ ਸ਼ਿਰਕਤ ਅਤੇ ਗੁਰੂ ਸਾਹਿਬ ਨੂੰ ਸਮਰਪਿਤ ਇਹ ਕਵੀ ਦਰਬਾਰ ਯਾਦਗਾਰੀ ਹੋ ਨਿਬੜਿਆ।


## ਆਵਾਜਾਈ ਲਈ ਮੁੜ ਖੁੱਲ੍ਹਿਆ ਰੇਨਬੋਅ ਬ੍ਰਿੱਜ

ਇਹ ਪੁਲ ਕੈਨੇਡਾ ਤੇ ਅਮਰੀਕਾ ਦਰਮਿਆਨ ਬਹੁਤ ਮਸ਼ਰੂਫ ਰਹਿਣ ਵਾਲਾ ਪੁਲ ਹੈ, ਜਿਸ ਨੂੰ ਅਮਰੀਕਾ ਵਾਲੇ ਪਾਸੇ ਤੇਜ਼ ਰਫਤਾਰ ਗੱਡੀ ਨੂੰ ਪੇਸ਼ ਆਏ ਹਾਦਸੇ ਕਾਰਨ ਬੰਦ ਕਰਨਾ ਪਿਆ ਸੀ। ਇਸ ਜ਼ਬਰਦਸਤ ਹਾਦਸੇ ਤੋਂ ਇਕ ਦਿਨ ਬਾਅਦ ਹੀ ਰੇਨਬੋਅ ਬ੍ਰਿੱਜ ਨੂੰ ਮੁੜ ਖੋਲ੍ਹ ਤਾਂ ਦਿੱਤਾ ਗਿਆ ਹੈ ਪਰ ਹਾਦਸੇ ਦੀ ਜਾਂਚ ਮੁਕੰਮਲ ਹੋਣ ਵਿੱਚ ਕੁਝ ਸਮਾਂ ਲੱਗੇਗਾ।

## ਚਰਿਤ੍ਰ

charitara

Var: ਚਲਿਤ, ਚਲਤ, ਚਲਤੁ etc.



Sanskrit, Noun

ਕਉਤਕ, ਲੀਲਾ

Miracle, Marvel, Wonder, Play

ਕਉਨੁ ਜਾਨੈ **ਚਲਿਤ** ਤੇਰੇ ਕਿਛੁ ਅੰਤੁ ਨਾਹੀ ਪਾਰ ॥
Who knows Your **wondrous plays**? You have no end or limitation.
(Guru Arjun Dev Ji - Ang 988)

ਸਭਿ ਕਰਿ ਕਰਿ ਵੇਖੈ ਅਪਣੇ **ਚਲਤਾ** ॥
He stages all His **wondrous plays**, and watches them.
(Guru Raam Daas Ji - Ang 998)

## ◆◆ ਰੋਸੁ ਨ ਕੀਜੈ ਉਤਰੁ ਦੀਜੈ ◆◆

**1. During the time of Guru Sahib the colour of Sikh flag was blue, who changed it to Saffron**

a. Nihangs b. Namdharis
c. Udasi Mahants d. None of these

**2. A Sikh must wear Dastar (Turban) because**

a. It is obligatory b. Article of faith
c. Proud headgear d. All these reasons

**3. In Sikhism 'Chandoa' spread over Guru Granth Sahib is used for which purpose?**

a. Protect from Sun b. Protect from Rain
c. As a symbol of royalty d. All of these

**4. 'Chaur' used in Gurdwaras to wave over Guru Granth Sahib is a symbol of what?**

a. Royalty b. Souvereignty
c. Veneration d. All of these

**5. What does the reference to Chauraasi Lakh Joon (8.4 billion species) in Gurbani means?**

a. Infinity of creation b. Countless creatures
c. 84,00,000 species d. Both A & B

(ਦੇਖੋ ਉੱਤਰ ਪੰਨਾ 4 'ਤੇ)

Explore the World with
Amar Holidays Pvt. Ltd.

Gurpreet Singh
Director

(India) : +91 9810210366
(Canada) : +1 778 970 6660
(Whatsapp Call Only)

AMAR HOLIDAYS PVT. LTD.
Amar Tour & Travels (Since 1998)
Call For Domestic & International Ticket & Tour Packages Also
Best Deals For : USA, CANADA, EUROPE, LONDON, AUSTRALIA & NEW ZELAND, WORLD WIDE HOTEL BOOKING

E-mail : gurpreet@amarholidays.com
Website : www.amarholidays.com

Ready to embark on unforgettable adventures? Look no further! *Amar Holiday* is here to turn your wanderlust into reality. With our exceptional travel services and expertise, we are committed to curating the most extraordinary experiences just for you. Get ready to create memories that will last a lifetime!

## CAREER COUNSELLING

### *Discover Potential Unlock Success (Vol-3)*

Narinder Pal Singh



Continuing from our last article, will cover remaining three points related to importance of career.

3. **Career is part of your identity:** Whenever we meet someone for the first time, they inevitably ask "What do you do?"

   Notice how they ask it. They don't ask "What do you do for money?" or "What do you do for work?" They are essentially asking "What do you do in life?"

   Work is one of the larger parts of our identity. It's the first question we ask and get asked when meeting someone. This is because it is one of the largest portions of our lives. It nearly defines everything else.

   Career is a large part of our identity. Usually we have more than one identity. I identify with my job, but I also identify as someone who loves to learn, as someone who's into fitness, as a friend, son, brother, etc.

   Of all your identities it's the one you spend the most time being. So it's not something you want to neglect.

4. **Career provides direction and purpose:** As humans, we need responsibility. We do our best when there are people counting on us. We need to feel like our actions are making a difference in the world.

   Work provides direction and purpose in our lives. With fulfilling work, we know there is a community of people who are counting on us. A place where we're needed. A place where what we do matters.

5. **Career defines your social life:** A lot of the people you'll meet and associate with will be from work. The people you work with will also (hopefully) be your friends. So if you're working a job you hate, then the people around you might not be the best to surround yourself with. No profession is bad. One should feel that he / she is at right place with positive environment and like-minded people.

WRITE YOUR OWN BOOK INSTEAD OF READING SOMEONE ELSE'S ABOUT SUCCESS




## SIKH MATRIMONIALS

Gursikh girl 28/5'3"/MA Punjabi / Amritdhari Vegetarian/Contact + 91 7838069081

Gursikh girl 37/ 5'3"/MSc ,PHD Zoology/Working as Assistant Professor/Parents Govt Officer Retd. CONTACT +91 70060 79109

Gursikh girl 28/5'3"/MTech BITS Pilani / Currently working from Belfast, UK as Senior Consultant in Wipro/ Contact +91 7589316157

Gursikh Boy 32/5'3"/MSc London/ Working as Science Journalist/UK Pound 80000/ UK Citizen/ Family in Hillingdon UK / Contact ?

ਪੰਨਾ 3 'ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ: 1. C 2. D 3. C 4. D 5. D

Chief Editor: Dr. Harjinder Singh Editor: Dr. Davinder Singh Designer: Pavit Singh

Advisory Board: Gujinder Singh (USA), Harpreet Kaur (Belgium), Harmohinder Singh (USA), Manmeet Kaur (UK), Taranpreet Singh (India), Gurpardeep Singh (Canada)



email: canadasikhtimes@gmail.com, M: +1 437 673 7555